بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 03.08.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਇਹ ਬਿਲਕੁਲ ਸਹੀ ਹੈ ਕਿ ਅਹਮਦੀ ਚਾਹੇ ਮਹਿਮਾਨ ਹੋਵੇ ਜਾਂ ਮੇਜ਼ਬਾਨ ਉਸ ਨੂੰ ਚੰਗੇ ਅਖ਼ਲਾਕ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ**

**ਪਰੰਤੂ ਜਿੰਨ੍ਹਾ ਨੇ ਆਪਣੇ ਆਪ ਨੂੰ ਜਲਸਾ ਸਾਲਾਨਾ ਦੇ ਮਹਿਮਾਨਾਂ ਦੀ ਸੇਵਾ ਲਈ ਪੇਸ਼ ਕੀਤਾ ਹੈ ਉਹਨਾਂ ਨੂੰ ਬਹੁਤੇ ਚੰਗੇ ਅਖ਼ਲਾਕ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 03 ਅਗਸਤ 2018 ਈ. ਨੂੰ ਹਦੀਕਾਤੁਲ ਮਹਦੀ (ਆਲਟਨ, ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲਹਮਦੁਲਿਲੱਾਹ : ਰੱਬ ਦੀ ਅਪਾਰ ਮਿਹਰ ਨਾਲ ਅੱਜ ਅਸੀਂ ਇਕ ਹੋਰ ਸਾਲਾਨਾ ਜਲਸੇ ਵਿੱਚ ਭਾਗ ਲੈਂਣ ਦਾ ਸੁਭਾਗ ਪ੍ਰਾਪਤ ਕਰ ਰਹੇ ਹਾਂ । ਜਲਸੇ ਵਿੱਚ ਸ਼ਾਮਲ ਹੋਣ ਵਾਲੇ ਸਰਿਆਂ ਲੋਕਾਂ ਨੂੰ ਜਲਸੇ ਦੇ ਇਹਨਾਂ ਤਿੰਨਾਂ ਦਿਨਾਂ ਵਿੱਚ ਜਲਸੇ ਦੇ ਰੂਹਾਨੀ ਵਾਤਾਵਰਣ ਤੋਂ ਲਾਭ ਉਠਾਉਣ ਦਾ ਜਤਨ ਕਰਨਾ ਚਾਹੀਦਾ ਹੈ । ਜਲਸੇ ਦੇ ਪ੍ਰੋਗਰਾਮਾ ਨੂੰ ਗ਼ੌਰ ਤੇ ਧਿਆਨ ਨਾਲ ਸੁਨਣਾ ਚਾਹੀਦਾ ਹੈ ਫਿਰ ਹੀ ਜਲਸੇ ਵਿੱਚ ਸ਼ਾਮਲ ਹੋਣ ਨਾ ਲਾਭ ਹੋਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ ਜਲਸੇ ਦੇ ਕੰਮਾ ਵਿੱਚ ਕਮੀਆਂ ਤੇ ਕਮਜ਼ੋਰੀਆਂ ਵੀ ਰਹਿ ਜਾਂਦੀਆਂ ਹਨ । ਜਿੱਥੇ ਸੇਵਕ ਆਪਣੇ ਕੰਮਾਂ ਦੀ ਪੜਤਾਲ ਕਰਦਿਆਂ ਹੋਇਆਂ ਉਹਨਾਂ ਨੂੰ ਠੀਕ ਕਰਨ ਦਾ ਜਤਨ ਕਰਨਗੇ ਉੱਥੇ ਮਹਿਮਾਨ ਵੀ ਇਹਨਾਂ ਕਮੀਆਂ ਤੇ ਕਮਜ਼ੋਰੀਆਂ ਨੂੰ ਅੱਖੋਂ ਓਹਲੇ ਕਰਨ ਅਤੇ ਜਿੱਥੇ ਕਿਤੇ ਵਰਕਰਾਂ ਨੂੰ ਮਦਦ ਦੀ ਲੋੜ ਹੋਵੇ ਓਥੇ ਆਪ ਅੱਗੇ ਵਧੱਕੇ ਉਹਨਾਂ ਦੀ ਮਦਦ ਲਈ ਆਪਣੇ ਆਪ ਨੂੰ ਪੇਸ਼ ਕਰਨ । ਫਿਰ ਹੀ ਸਾਡੇ ਵਿੱਚ ਏਕਤਾ ਪੈਦਾ ਹੋ ਸਕਦੀ ਹੈ ਜੱਦ ਅਸੀਂ ਇਕ ਦੂਜੇ ਦੇ ਭਾਰ ਚੁਕੱਣ ਵਾਲੇ ਹੋਵਾਂਗੇ । ਇਸ ਮੁਢੱਲੀ ਗੱਲ ਨੂੰ ਮਹਿਮਾਨਾ ਤੇ ਮੇਜ਼ਬਨਾ ਦੋਹਾਂ ਨੂੰ ਚੇਤੇ ਰਖੱਣਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਮੇਂ ਮੈਂ ਮਹਿਮਾਨਾ ਤੇ ਮੇਜ਼ਬਾਨਾ ਦੋਹਾਂ ਨੂੰ ਕੁਝ ਗਲੱਾਂ ਵੱਲ ਧਿਆਨ ਦੁਆਵਾਂਗਾ । ਸਭ ਤੋਂ ਪਹਿਲੀ ਗੱਲ ਕਾਰਕੁਨਾਂ ਲਈ ਇਹ ਹੈ ਕਿ ਉਹਨਾਂ ਨੇ ਉਹਨਾਂ ਲੋਕਾਂ ਦੀ ਸੇਵਾ ਲਈ ਆਪਣੇ ਆਪ ਨੂੰ ਪੇਸ਼ ਕੀਤਾ ਹੈ ਜੋ ਰੱਬ ਦੇ ਆਦੇਸ਼ ਕਰਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵੱਲੋਂ ਅਰੰਭੇ ਜਲਸੇ ਵਿੱਚ ਭਾਗ ਲੈਂਣ ਲਈ ਆਏ ਹਨ, ਕਿਸੇ ਸੰਸਾਰਕ ਮੇਲੇ ਵਿੱਚ ਭਾਗ ਲੈਂਣ ਨਹੀਂ ਆਏ । ਆਪਣੇ ਆਤਮਕ, ਵਿਦਿਅਕ ਤੇ ਆਚਰਣਕ ਮਿਆਰਾਂ ਵਿੱਚ ਵਾਧੇ ਲਈ ਇਕਤੱਰ ਹੋਏ ਹਨ ਅਤੇ ਮੈਂ ਆਸ ਕਰਦਾ ਹਾਂ ਕਿ ਇਹੋ ਸੋਚ ਜਲਸੇ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਦੀ ਹੈ ਅਤੇ ਹੋਣੀ ਚਾਹੀਦੀ ਹੈ, ਵਰਨਾ ਉਹਨਾਂ ਦਾ ਜਲਸੇ ਵਿੱਚ ਸ਼ਾਮਲ ਹੋਣਾ ਮੰਤਵਹੀਨ ਹੈ। ਬਹਿਰਹਾਲ ਕਾਰਕੁਨਾਂ (ਵਰਕਰਾਂ) ਨੂੰ ਇਹ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਮਹਿਮਾਨਾ ਦਾ ਰਵੱਈਆ ਜਿਹੋ ਜਿਹਾ ਵੀ ਹੋਵੇ ਕੰਮ ਕਰਨ ਵਾਲਿਆਂ ਨੇ ਆਲਾ ਆਚਰਣ ਨਾ ਪ੍ਰਗਟਾਵਾ ਕਰਦਿਆਂ ਹੋਇਆਂ ਉਹਨਾਂ ਦੀਆਂ ਭਾਵਨਵਾਂ ਤੇ ਅਹਿਸਾਸ ਦਾ ਖ਼ਿਆਲ ਰਖੱਣਾ ਹੈ । ਫਿਰ ਹੀ ਰੱਬ ਦੀ ਖ਼ੁਸ਼ੀ ਤੇ ਰਜ਼ਾ ਦੇ ਪਾਤਰ ਬਣ ਸਕਦੇ ਹਨ ।

ਅਸੀਂ ਜਿਸ ਨਬੀ ਨੂੰ ਮੰਨ੍ਹਣ ਵਾਲੇ ਹਨ ਉਸਦੀ ਜੀਵਨ ਸ਼ੈਲੀ ਮਹਿਮਾਨਾਂ ਲਈ ਕੀ ਸੀ ? ਉਹ ਲੋਕ ਜੋ ਸ਼ਹਿਰ ਵਿੱਚ ਰਹਿਣ ਵਾਲੇ ਸਨ ਪ੍ਰਤੀਦਿਨ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਮਿਲਣ ਵਾਲੇ ਸਨ । ਉਹਨਾਂ ਨੂੰ ਜੇਕਰ ਉਹਨਾਂ ਦੀ ਗ਼ਰੀਬੀ ਦੀ ਅਵਸਥਾ ਕਰਕੇ ਜਾਂ ਵੈਸੇ ਹੀ ਖਾਣੇ ਉਪੱਰ ਬੁਲਾ ਲਿਆ ਅਤੇ ਲੰਮਾ ਸਮਾਂ ਆਣਕੇ ਬਹਿਕੇ ਗਲੱਾਂ ਕਰਨ ਲੱਗ ਗਏ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਦੇ ਆਰਾਮ ਵਿੱਚ ਵਿਘਨ ਹੋਏ ਤਾਂ ਵੀ ਆਪ ਉਹਨਾਂ ਨੂੰ ਕਦੇ ਨਹੀਂ ਕਹਿੰਦੇ ਸਨ ਕਿ ਸਮੇਂ ਤੋਂ ਪਹਿਲਾਂ ਨ ਆਓ ਮੈਂ ਮਸਰੂਫ਼ ਹਾਂ ਅਤੇ ਖਾਣਾ ਖਾਕੇ ਛੇਤੀ ਇੱਥੋਂ ਚਲੇ ਜਾਓ ਕਿ ਤੁਹਾਡੇ ਬੈਠੇ ਰਹਿਣ ਕਰਕੇ ਮੈਂ ਆਪਣੇ ਕਈ ਕੰਮ ਨਹੀਂ ਕਰ ਸਕਦਾ । ਲੋਕਾਂ ਦੀ ਇਹ ਹਾਲਤ ਦੇਖਕੇ ਆਪ ਸਲਲੱਾਹੁ ਅਲੈਹਿ ਵਸਲਮ ਦਾ ਮਹਿਮਾਨਾ ਨੂੰ ਸਹਿਨ ਕਰਨ ਦਾ ਸਬਰ ਤੇ ਹੌਂਸਲਾ ਦੇਖੇ ਰੱਬ ਨੇ ਮੋਮਿਨਾਂ ਨੂੰ ਫ਼ਰਮਾਇਆ ਕਿ 'ਫ਼ ਯਸਤਹਯੀ ਮਿਨਕੁਮ' (فَيَسْتَحْيِي مِنكُمْ) ਕਿ ਉਹ ਤੁਹਾਡੀਆਂ ਭਾਵਨਵਾਂ ਦਾ ਖ਼ਿਆਲ ਰਖੱਦਿਆਂ ਹੋਇਆਂ ਤੁਹਾਨੂੰ ਮਨਾ ਕਰਨ ਤੋਂ ਸੰਕੋਚ ਕਰਦਾ ਹੈ, ਪਰ ਰੱਬ ਨੂੰ ਇਹ ਗੱਲ ਕਹਿਣ ਵਿੱਚ ਕੋਈ ਰੋਕ ਨਹੀਂ । ਸੋ, ਲੰਮਾ ਸਮਾਂ ਅਕਾਰਣ ਹੀ ਨਬੀ ਦੇ ਘਰ ਵਿੱਚ ਬਹਿਕੇ ਉਸ ਨੂੰ ਕਸ਼ਟ ਨ ਦਿਓ । ਸੋ, ਇਕ ਪਾਸੇ ਤਾਂ ਰੱਬ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਮਹਿਮਾਮਨ ਨਵਾਜ਼ੀ ਦੇ ਉਤੱਮ ਨਮੂਨੇ ਨੂੰ ਵਰਨਣ ਕਰ ਦਿਤੱਾ । ਅਖ਼ਲਾਕ ਤੇ ਆਚਰਣ ਦੇ ਆਲਾ ਹੋਣ ਦਾ ਵਰਨਣ ਕਰ ਦਿਤੱਾ, ਫਿਰ ਦੂਜੇ ਪਾਸੇ ਮਹਿਮਾਨਾ ਨੂੰ ਵੀ ਵਿਸ਼ੇਸ਼ ਰੂਪ ਵਿੱਚ ਆਦੇਸ਼ ਦਿਤੱਾ ਕਿ ਮਹਿਮਾਨ ਬਣਕੇ ਆਪਣੇ ਅਧਿਕਾਰਾਂ ਤੋਂ ਅਗਾਂਹ ਨਾ ਵਧੋ । ਮਹਿਮਾਨਾਂ ਨੂੰ ਆਪਣੇ ਮਹਿਮਾਨ ਹੋਣ ਦਾ ਨਾਜਾਇਜ਼ ਲਾਭ ਨਹੀਂ ਉਠਾਉਣਾ ਚਾਹੀਦਾ ।

ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਗ਼ੈਰਾਂ ਨਾਲ ਮਹਿਮਾਨ ਨਵਾਜ਼ੀ ਅਤੇ ਬੁਲੰਦ ਹੌਂਸਲੇ ਦਾ ਮਿਆਰ ਇਕ ਅਜਿਹਾ ਉਤੱਮ ਮਾਪਦੰਡ ਸੀ ਕਿ ਮਨੁੱਖ ਦੰਗ ਰਹਿ ਜਾਂਦਾ ਹੈ, ਹੈਰਾਨ

ਰਹਿ ਜਾਂਦਾ ਹੈ । ਉਸ ਦੀ ਉਧਾਰਣ ਅਸੀਂ ਦੇਖਦੇ ਹਾਂ, ਇਕ ਗ਼ੈਰ ਮੁਸਲਮ ਮਹਿਮਾਨ ਬਣਕੇ ਆਉਂਦਾ ਹੈ, ਆਪ ਉਸਦੀ ਖ਼ਾਤਰ ਸੇਵਾ ਵੀ ਕਰਦੇ ਹਨ ਅਤੇ ਸਵੇਰੇ ਉਠੱਕੇ ਜਾਂਦੇ ਸਮੇਂ ਉਹ ਮਹਿਮਾਨ ਬਿਸਤਰ ਵੀ ਗੰਦਾ ਕਰਕੇ ਚਲਾ ਜਾਂਦਾ ਹੈ । ਆਪ ਸਲਲੱਾਹੁ ਅਲੈਹਿ ਵਸਲਮ ਆਪ ਉਸ ਨੂੰ ਧੋਂਦੇ ਹਨ । ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਵਰਨਣ ਕਰਦੇ ਹਨ ਕਿ ਸਾਨੂੰ ਵੀ ਸੇਵਾ ਕਰਨ ਦਾ ਮੌਕਾ ਦੇਣ, ਅਸੀਂ ਹਾਜ਼ਰ ਹਾਂ । ਹਜ਼ੂਰ ਆਪ ਕਿਉਂ ਕਸ਼ਟ ਕਰ ਰਹੇ ਹਨ । ਆਪ ਸਲਲੱਾਹੁ ਅਲੈਅਹਿ ਵਸਲਮ ਫ਼ਰਮਾਉਂਦੇ ਹਨ ਕਿ ਉਹ ਮੇਰਾ ਮਹਿਮਾਨ ਸੀ ਇਸ ਲਈ ਮੈਂ ਹੀ ਇਸ ਦਾ ਗੰਦ ਧੋਵਾਂਗਾ । ਸੋ ਇਹ ਹੈ ਉਹ ਆਲਾ ਤੇ ਉਤੱਮ ਮਿਆਰ ਜਿਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਾਡੇ ਜਲਸੇ ਵਿੱਚ ਵੀ, ਆਪਣੇ ਵੀ ਆਉਂਦੇ ਹਨ, ਗ਼ੈਰ ਵੀ ਆਉਂਦੇ ਹਨ ਅਤੇ ਸਾਰੇ ਆਉਣ ਵਾਲੇ ਚੰਗੇ ਆਚਰਣ ਦੇ ਮਾਲਕ ਹਨ ਜਾਂ ਦੀਨ ਸਿਖੱਣ ਲਈ ਆਉਂਦੇ ਹਨ ਜਾਂ ਇਸਲਾਮ ਤੇ ਅਹਮਦੀਅਤ ਬਾਰੇ ਕੁਝ ਜਾਣਕਾਰੀ ਲੈਂਣ ਆਉਂਦੇ ਹਨ । ਮਾਨਵੀ ਕਮਜ਼ੋਰੀਆਂ ਤਾਂ ਹਰ ਇਕ ਵਿੱਚ ਹੁੰਦੀਆਂ ਹਨ । ਜੇਕਰ ਕੋਈ ਊਚ ਨੀਚ ਹੋ ਵੀ ਜਾਏ, ਕਿਸੇ ਤੋਂ ਕੋਈ ਵਧੀਕੀ ਵੀ ਜਾਏ ਤਾਂ ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਲੋਕ ਆਚਰਣਹੀਨ ਹਨ ਜਾਂ ਇਹਨਾਂ ਦੀਆਂ ਨੀਤਾਂ ਨੇਕ ਨਹੀਂ ਹਨ । ਇਹ ਮਾਨਵੀ ਕਮਜ਼ੋਰੀਆਂ ਹਨ ਜਿਸ ਕਰਕੇ ਕਈ ਵਾਰ ਊਚ ਨੀਚ ਹੋ ਜਾਂਦੀ ਹੈ । ਜੇਕਰ ਹੋ ਵੀ ਜਾਵੇ ਤਾਂ ਸਹਿਨ ਕਰਨਾ ਚਾਹੀਦਾ ਹੈ । ਇਹ ਬਿਲਕੁਲ ਠੀਕ ਨਹੀਂ ਹੈ ਕਿ ਅਹਮਦੀ ਭਾਵੇਂ ਮਹਿਮਾਨ ਹੋਵੇ ਜਾਂ ਮੇਜ਼ਬਾਨ ਉਸ ਨੂੰ ਚੰਗੇ ਅਖ਼ਲਾਕ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ । ਪਰ ਜਿੰਨ੍ਹਾ ਨੇ ਆਪਣੇ ਆਪ ਨੂੰ ਜਲਸੇ ਦੇ ਮਹਿਮਾਨਾ ਦੀ ਸੇਵਾ ਲਈ ਪੇਸ਼ ਕੀਤਾ ਹੈ ਉਹਨਾਂ ਨੂੰ ਬਹੁਤੇ ਚੰਗੇ ਅਖ਼ਲਾਕ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ । ਜੇਕਰ ਕਰਕੁਨਾ (ਵਰਕਰਾਂ) ਵੱਲੋਂ ਖਿੜੇ ਮੱਥਿਓਂ ਤੇ ਸਬਰ ਸੰਤੋਖ ਦਾ ਪ੍ਰਗਟਾਵਾ ਹੋਵੇਗਾ ਤਾਂ ਦੂਜਾ ਆਪ ਹੀ ਸ਼ਰਮਿੰਦਿਆਂ ਹੋ ਜਾਵੇਗਾ । ਸੋ, ਹਰ ਡਿਊਟੀ ਦੇਣ ਵਾਲਾ ਹਰ ਇਕ ਵਿਭਾਗ ਵਿੱਚ ਜਿੱਥੇ ਉਹ ਡਿਊਟੀ ਦੇ ਰਿਹਾ ਹੈ ਆਲਾ ਅਖ਼ਲਾਕ ਦਾ ਪ੍ਰਗਟਾਵਾ ਕਰੇ ਅਤੇ ਇਸ ਨੂੰ ਇਹਨਾਂ ਦਿਨਾਂ ਵਿੱਚ ਇਕ ਬਹੁਤ ਵਡੱਾ ਚੈਲੰਜ ਸਮਝਕੇ ਆਲਾ ਅਖ਼ਲਾਕ ਦਾ ਪ੍ਰਗਟਾਵਾ ਕਰੇ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਇਸ ਵੱਲ ਧਿਆਨ ਦੁਆਉਂਦਿਆਂ ਹੋਇਆਂ ਫ਼ਰਮਾਉਂਦਾ ਹੈ, 'ਕੂਲੂ ਲਿਨੱਾਸਿ ਹੁਸਨਾ' (قُوْلُوْا لِلنَّاسِ حُسْنًا) ਕਿ ਲੋਕਾਂ ਨਾਲ ਚੰਗੀ ਤੇ ਨਰਮੀ ਨਾਲ ਗੱਲ ਕਰੋ, ਚੰਗੀ ਗੱਲ ਕਰੋ । ਇਹ ਉਹ ਮੁਢੱਲੀ ਚੀਜ਼ ਹੈ ਜੋ ਝਗੜਿਆਂ ਨੂੰ ਖ਼ਤਮ ਕਰਨ ਅਤੇ ਉਤੱਮ ਅਖ਼ਲਾਕ ਦਿਖਾਉਣ ਲਈ ਜ਼ਰੂਰੀ ਹੈ । ਇਹ ਉਸੂਲ ਕੇਵਲ ਵਿਸ਼ੇਸ਼ ਮੌਕਿਆਂ ਲਈ ਨਹੀਂ ਹੈ ਸਗੋਂ ਹਮੇਸ਼ਾ ਲਈ ਹੈ ਅਤੇ ਜੱਦ ਮਨੁੱਖ ਨੂੰ ਇਸ ਦੀ ਆਦਤ ਪੈ ਜਾਏ ਤਾਂ ਰੰਜਸ਼ਾਂ ਤੇ ਵਧੀਕੀਆਂ ਹੋ ਹੀ ਨਹੀਂ ਸਕਦੀਆਂ । ਸੋ, ਮੇਜ਼ਬਾਨਾ ਅਤੇ ਮਹਿਮਾਨਾ ਨੂੰ ਇੱਥੇ ਵੀ ਅਤੇ ਹਰ ਸਮੇਂ ਰੱਬ ਦੇ ਇਸ ਆਦੇਸ਼ ਨੂੰ ਚੇਤੇ ਰਖੱਣਾ ਚਾਹੀਦਾ ਹੈ ਅਤੇ ਵਿਸ਼ੇਸ਼ ਰੂਪ ਵਿੱਚ ਇਹਨਾਂ ਦਿਨਾਂ ਵਿੱਚ ਤਾਂ ਜ਼ਰੂਰ ਇਸ ਉਪੱਰ ਅਮਲ ਕਰਨ ਕਿ ਇਸ ਵਾਤਾਵਰਣ ਨੂੰ ਵਿਸ਼ੇਸ਼ ਰੂਪ ਵਿੱਚ ਸਾਰਿਆਂ ਨੇ ਰੱਲ੍ਕੇ ਖ਼ੁਸ਼ਗਵਾਰ ਬਨਾਉਂਣਾ ਹੈ ਤਾਂ ਜੋ ਜਿਸ ਉਦੇਸ਼ ਲਈ ਇੱਥੇ ਇਕਤੱਰ ਹੋਏ ਹਨ ਉਹ ਪੂਰਾ ਹੋਵੇ ਅਤੇ ਉਹ ਇਹ ਹੈ ਆਪਣੀਆਂ ਅਖ਼ਲਾਕੀ,

ਆਾਰਰਣਕ ਤੇ ਆਤਮਕ ਹਾਲਤ ਨੂੰ ਬਿਹਤਰ ਬਨਾਉਂਣਾ । ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਫ਼ਰਮਾਉਂਦੇ ਹਨ ਕਿ ਮੇਜ਼ਬਾਨ ਵਿੱਚ ਚੰਗੇ ਅਖ਼ਲਾਕ ਤੋਂ ਵੱਧ ਭਾਰ ਰਖੱਣ ਵੱਲੀ ਕੋਈ ਚੀਜ਼ ਨਹੀਂ ਅਤੇ ਫਿਰ ਇਹ ਵੀ ਕਿ ਚੰਗੇ ਅਖ਼ਲਾਕ ਦਾ ਮਾਲਕ ਨਮਾਜ਼ਾਂ ਰੋਜ਼ਿਆਂ ਦੀ ਪਾਬੰਦੀ ਦਾ ਸਥਾਨ ਹਾਸਲ ਕਰ ਲੈਂਦਾ ਹੈ ਅਰਥਾਤ ਉਸ ਨੂੰ ਨੇਕੀਆਂ ਕਰਨ ਦੀ ਤੌਫ਼ੀਕ ਮਿਲਦੀ ਹੈ । ਨੇਕੀ ਫਿਰ ਅੱਗੇ ਕਈ ਨੇਕੀਆਂ ਦੇ ਬੱਚੇ ਦਿੰਦੀ ਚਲੀ ਜਾਂਦੀ ਹੈ । ਸੋ, ਕਾਰਕੁਨ ਵਿਸ਼ੇਸ਼ ਰੂਪ ਵਿੱਚ ਇਸ ਗੱਲ ਨੂੰ ਲਾਜ਼ਮੀ ਬਨਾਉਣ ਕਿ ਜਿਹੋ ਜਿਹਾ ਵੀ ਦੂਜੇ ਦਾ ਵਰਤਾਉ ਹੋਵੇ ਉਹਨਾ ਦੇ ਮੁਖੜਿਆਂ ਉਪੱਰ ਮੁਸਕਰਾਹਟ ਰਹਿਣੀ ਚਾਹੀਦੀ ਹੈ । ਇਸ ਦਿਖਾਵੇ ਦੀ ਹਾਲਤ ਦਾ ਫਿਰ ਉਹਨਾਂ ਦੇ ਦਿਲ ਉਪੱਰ ਵੀ ਪ੍ਰਭਾਵ ਹੁੰਦਾ ਹੈ ਅਤੇ ਦਿਲ ਵਿੱਚ ਵੀ ਫਿਰ ਕੋਈ ਸਖ਼ਤੀ ਨਹੀਂ ਪੈਦਾ ਹੋਵੇਗੀ ਅਤੇ ਜੱਦ ਦਿਲ ਵਿੱਚ ਅਕਾਰਣ ਸਖ਼ਤੀ ਪੈਦਾ ਨਹੀਂ ਹੋਵੇਗੀ ਤਾਂ ਗ਼ਲਤ ਫ਼ੈਸਲੇ ਵੀ ਨਹੀਂ ਹੋਣਗੇ ਜੋ ਕਈ ਵਾਰ ਜੋਸ਼ ਅਤੇ ਗੁੱਸੇ ਵਿੱਚ ਹੋ ਜਾਂਦੇ ਹਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਚੰਗੇ ਅਖ਼ਲਾਕ ਦੇ ਆਲਾ ਮਿਆਰਾਂ ਨੂੰ ਵਰਨਣ ਕਰਦਿਆਂ ਹੋਇਆਂ ਇਕ ਸਹਾਬੀ ਵਰਨਣ ਕਰਦੇ ਹਨ ਕਿ ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਵੱਧ ਮੁਸਕਰਾਉਂਦਾ ਹਸੱਦਾ ਚਿਹਰਾ ਕਿਸੇ ਦਾ ਨਹੀਂ ਦੇਖਿਆ । ਫ਼ਿਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਮੰਨ੍ਹਣ ਵਾਲਿਆਂ ਨੂੰ ਇਹ ਨਸੀਹਤ ਕੀਤੀ ਕਿ ਨਰਮੀ ਕਰੋ ਕਿਉਂਕਿ ਜੋ ਨਰਮੀ ਤੋਂ ਮਹਿਰੂਮ ਕੀਤਾ ਗਿਆ ਉਹ ਖ਼ੈਰ (ਭਲਾਈ) ਤੋਂ ਵੀ ਮਹਿਰੂਮ ਕੀਤਾ ਗਿਆ । ਹੁਣ ਇਸ ਗੱਲ ਨੂੰ ਜੇਕਰ ਕਾਰਕੁਨ (ਵਰਕਰ) ਅਤੇ ਸ਼ਾਮਲ ਹੋਣ ਵਾਲੇ ਸਾਰੇ ਸਮਝ ਲੈਂਣ ਤਾਂ ਇਸ ਵਾਤਾਵਰਣ ਦੀਆਂ ਬਰਕਤਾਂ ਕਰਕੇ ਖ਼ੈਰ ਤੇ ਬਰਕਤਾਂ ਨਾਲ ਝੋਲੀਆਂ ਭਰਨ ਵਾਲੇ ਬਣ ਜਾਣਗੇ ।

ਇਸ ਦੇ ਨਾਲ ਹੀ ਮੈਂ ਜਲਸੇ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਵੀ ਕਹਾਂਗਾ ਕਿ ਜਲਸੇ ਦੇ ਐਨ੍ਹੇ ਵੱਡੇ ਪ੍ਰਬੰਧ ਰੱਬ ਦੀ ਮਿਹਰ ਨਾਲ ਸਵੈ ਵਰਕਰਾਂ (ਰਜ਼ਾਕਾਰਾਂ) ਰਾਹੀਂ ਹੋ ਰਹੇ ਹਨ । ਇਹ ਕੋਈ ਸਾਡੇ ਮੁਲਾਜ਼ਮ ਨਹੀਂ ਹਨ । ਕਈ ਬਹੁਤ ਚੰਗੇ ਉਹਦਿਆਂ ਉਪੱਰ ਲੱਗੇ ਹੋਏ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾਂ ਦੀ ਸੇਵਾ ਲਈ ਇਕ ਜਜ਼ਬੇ ਤੇ ਭਾਵਨਾਵਾਂ ਤੋਂ ਭਰਪੂਰ ਹੋਕੇ ਸੇਵਾ ਕਰ ਰਹੇ ਹਨ । ਇਸ ਪ੍ਰਕਾਰ ਨੌਜੁਆਨ ਹਨ ਜੋ ਸੈਕੰਡਰੀ ਸਕੂਲਾਂ ਤੇ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਹਨ। ਲੜਕੀਆਂ ਵੀ ਹਨ ਲੜਕੇ ਵੀ ਹਨ ਇਸੇ ਪ੍ਰਕਾਰ ਬੱਚੇ ਵੀ ਹਨ । ਇਹ ਸਾਰੇ ਇਕ ਜਜ਼ਬੇ ਨਾਲ ਸੇਵਾ ਕਰ ਰਰਦੇ ਹਨ । ਇਸ ਲਈ ਜੇਕਰ ਕਿਤੇ ਕੋਈ ਛੋਟੀ ਮੋਟੀ ਕਮੀ ਤੇ ਕਮਜ਼ੋਰੀ ਦੇਖਣ ਤਾਂ ਅੱਖੋਂ ਓਹਲੇ ਕਰਨ । ਜੇਕਰ ਕਿਸੇ ਮਹਿਮਾਨ ਨੂੰ ਕਿਸੇ ਵਿਭਾਗ ਵਿੱਚ ਕਮੀ ਨਜ਼ਰ ਆਉਂਦੀ ਹੈ ਤਾਂ ਕੇਵਲ ਵਿਭਾਗ ਦੇ ਇੰਚਾਰਜ ਨੂੰ ਲਿੱਖ ਦੇਣ ਬਜਾਏ ਕਰਕੁਨਾ ਤੋਂ ਉਲਝਣ ਦੇ । ਇਸ ਸਾਲ ਜੇਕਰ ਕਮੀ ਨੂੰ ਨ ਵੀ ਦੂਰ ਕੀਤਾ ਜਾ ਸਕਿਆ ਤਾਂ ਅਗੱਲੇ ਸਾਲ ਲਈ ਖ਼ਿਆਲ ਰੱਖਿਆ ਜਾਏਗਾ ਅਤੇ ਸਾਡੇ ਜਮਾਤੀ ਨਿਜ਼ਾਮ ਦੀ ਇਹੋ ਖ਼ੂਬੀ ਹੈ ਅਤੇ ਹੋਣੀ ਚਾਹੀਦੀ ਹੈ ਕਿ ਜਿੰਨ੍ਹਾ ਜਿੰਨ੍ਹਾ ਕਮਜ਼ੋਰੀਆਂ ਨੂੰ ਚਿੰਨ੍ਹਿਹਤ ਕੀਤਾ ਗਿਆ ਉਹਨਾਂ ਨੂੰ ਦੂਰ ਕਰਨ ਦਾ ਜਤਨ ਕੀਤਾ ਜਾਂਦਾ ਹੈ ।

ਮਹਿਮਾਨ ਨਵਾਜ਼ੀ ਦਾ ਇਕ ਵਿਸ਼ੇਸ਼ ਤੇ ਮਹਤੱਵਪੂਰਨ ਵਿਭਾਗ ਖਾਣਾ ਪਕਾਉਣ ਦਾ ਹੈ । ਖਾਣਾ ਪਕਾਉਣ ਵਾਲੇ ਇਸ ਇਸ ਗੱਲ ਦਾ ਖ਼ਿਆਲ ਰਖੱਣ ਕਿ ਖਾਣਾ ਚੰਗੀ ਤਰ੍ਹਾਂ ਪਕਿਆ ਹੋਵੇ । ਮੈਂਨੂੰ ਆਸ ਹੈ ਕਿ ਮਹਿਮਾਨ ਤਾਂ ਇਸ ਗੱਲ ਦੀ ਇੰਸ਼ਾਅਲੱਾਹ (انشاءاللہ) ਸ਼ਿਕਾਇਤ ਨਹੀਂ ਕਰਨਗੇ, ਪਰ ਜੇਕਰ ਕਰਨ ਵੀ ਤਾਂ ਗੁੱਸੇ ਨਾਲ ਭਰਕੇ ਨ ਕਰਨ ਸਗੋਂ ਪਿਆਰ ਨਾਲ ਪ੍ਰਬੰਧਕਾਂ ਨੂੰ ਧਿਆਨ ਦੁਆ ਦੇਣ ਕਿ ਇਹ ਕਮੀ ਹੈ ਇਸ ਨੂੰ ਪੂਰਾ ਕਰਨ ।

ਫਿਰ ਜਲਸੇ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੈ ਕਿ ਇਸਲਾਮ ਦਾ ਇਕ ਵੱਧੀਆ ਗੁਣ ਇਹ ਵੀ ਹੈ ਕਿ ਮੋਮਿਨ ਬੇਕਾਰ ਤੇ ਵਿਅਰਥ ਗਲੱਾਂ ਨੂੰ ਛੱਡ ਦੇਵੇ ਅਤੇ ਇਹ ਜਲਸਾ ਜਿਸਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਖ਼ਾਲਸ ਇਲਾਹੀ ਜਲਸਾ ਕਰਾਰ ਦਿਤੱਾ ਹੈ ਇਸ ਵਿੱਚ ਹਰ ਪ੍ਰਕਾਰ ਦੀਆਂ ਵਿਅਰਥ ਗਲੱਾਂ ਤੇ ਸਮੇਂ ਦੇ ਨਸ਼ਟ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ । ਜਲਸੇ ਦੇ ਪ੍ਰੋਗਰਾਮਾ ਨੂੰ ਗ਼ੌਰ ਨਾਲ ਸਣੋ । ਸਿਵਾਏ ਅਤਿ ਮਜਬੂਰੀ ਦੇ ਜਲਸੇ ਦੇ ਪੰਡਾਲ ਵਿੱਚੋਂ ਉਠੱਕੇ ਨ ਜਾਣ । ਅੱਜਕੱਲ ਦੇ ਸੰਸਾਰੀ ਵਾਤਾਵਰਣ ਵਿੱਚ ਬੱਚਿਆਂ ਅਤੇ ਨੌਜੁਆਨਾ ਦੀ ਧਰਮ ਦੀ ਮਹਤੱਾ ਦਾ ਅਹਿਸਾਸ ਦੁਆਉਂਣਾ ਅਤੇ ਇਸ ਦੇ ਨਾਲ ਜੋੜਨਾ ਬਹੁਤ ਵਡੱਾ ਅਤੇ ਮਹਤੱਵਪੂਰਨ ਕੰਮ ਹੈ, ਮਾਂਪਿਆਂ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਹਰ ਪਿਤਾ ਨੂੰ ਇਸ ਬਾਰੇ ਜਤਨ ਕਰਨਾ ਚਾਹੀਦਾ ਹੈ, ਰੱਬ ਸਾਰਿਆਂ ਨੂੰ ਇਸ ਦਾ ਸੰਜੋਗ ਪ੍ਰਦਾਨ ਕਰੇ ।

ਤਰਬੀਯਤ (ਸੀਖ ਸਿੱਖਿਆ) ਵਿੱਚ ਸਾਰਿਆਂ ਤੋਂ ਮਹਤੱਪੂਰਨ ਗਲੱ ਇਬਾਦਤ ਹੈ । ਇਸ ਦੀ ਆਪ ਵੀ ਪਾਬੰਦੀ ਕਰਨ ਅਤੇ ਬੱਚਿਆਂ ਨੂੰ ਵੀ ਨਮਾਜ਼ਾਂ ਨੇ ਸਮੇਂ ਨਾਲ ਲਿਆਉਣ । ਜੇਕਰ ਘਰ, ਮਸਜਿਦ ਜਾਂ ਨਮਾਜ਼ ਸੈਂਟਰ ਤੋਂ ਦੂਰ ਹਨ ਤਾਂ ਘਰਾਂ ਵਿੱਚ ਵੀ ਬਾਜਮਾਤ ਨਮਾਜ਼ਾਂ ਦਾ ਪ੍ਰਬੰਧ ਤੇ ਵਿਵਸਥਾ ਹੋਣੀ ਚਾਹੀਦੀ ਹੈ । ਇਸੇ ਪ੍ਰਕਾਰ ਕਾਰਕੁਨ (ਵਰਕਰ) ਵੀ ਨਮਾਜ਼ਾਂ ਦੀ ਪਾਬੰਦੀ ਕਰਨ । ਜੇਕਰ ਸਾਡਾ ਧਿਆਨ ਨਮਾਜ਼ਾਂ ਵੱਲ ਨਹੀਂ ਤਾਂ ਸਾਡੇ ਸਾਰੇ ਕੰਮ ਬੇਕਾਰ ਹਨ ।

ਪ੍ਰਬੰਧਕੀ ਪੱਖੋਂ ਵੀ ਕੁਝ ਗਲੱਾਂ ਆਖਣੀਆਂ ਚਾਹੁੰਦਾ ਹਾਂ । ਜੋ ਲੋਕ ਆਪਣੀਆਂ ਗੱਡੀਆਂ ਵਿੱਚ ਆਉਂਦੇ ਹਨ, ਉਹ ਪ੍ਰਬੰਧਕਾ ਨਾਲ ਸਹਿਯੋਗ ਕਰਨ । ਜੋ ਮਸਜਿਦ ਫ਼ਜ਼ਲ ਵਿੱਚ ਨਮਾਜ਼ ਪੜ੍ਹਨ ਲਈ ਆਉਂਦੇ ਹਨ ਉਹ ਵੀ ਆਪਣੀਆਂ ਕਾਰਾਂ ਅਜਿਹੀ ਥਾਂ'ਤੇ ਖੜੀ ਕਰਨ ਜਿੱਥੇ ਗਵਾਂਢੀਆਂ ਦੇ ਮਾਰਗ ਨ ਰੁਕਣ, ਉਹਨਾਂ ਦੇ ਘਰਾਂ ਦੇ ਰਸਤੇ ਨ ਰੁਕਣ ਅਤੇ ਉਹਨਾਂ ਨੂੰ ਕਸ਼ਟ ਨ ਹੋਵੇ ।

ਪ੍ਰਬੰਧਕੀ ਪੱਖੋਂ ਨਜ਼ਾਫ਼ਤ ਤੇ ਸਫ਼ਾਈ ਦਾ ਵਿਭਾਗ ਵੀ ਹੈ, ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਹਮੇਸ਼ਾ ਚੇਤਾ ਕਰਾਉਂਦਾ ਹਾਂ, ਪਵਿਤੱਰਤਾ ਤੇ ਸਫ਼ਾਈ ਇਮਾਨ ਦਾ ਹਿਸੱਾ ਵੀ ਹੈ, ਜਿਸ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ । ਗ਼ੁਸਲ ਖ਼ਾਨਿਆਂ (ਇਸ਼ਨਾਨ ਘਰਾਂ) ਅਤੇ ਟਾਇਲਟਸ ਦੀ ਸਫ਼ਾਈ ਦਾ ਵਰਕਰ ਅਤੇ ਮਹਿਮਾਨ ਵੀ ਸਾਰੇ ਹੀ ਵਿਸ਼ੇਸ਼ ਧਿਆਨ ਰਖੱਣ । ਇਸੇ ਪ੍ਰਕਾਰ ਸੜਕਾਂ ਅਤੇ

ਮਾਰਗਾਂ'ਤੇ ਗਲਾਸ ਆਦਿ ਜਾਂ ਖੁੱਲੇ ਮੈਦਾਨ ਵਿੱਚ ਗਲਾਸ ਆਦਿ ਜਾਂ ਟਿਨ ਆਦਿ ਜਾਂ ਕੋਈ ਹੋਰ ਵਾਧੂ ਬੇਕਾਰ ਚੀਜ਼ ਨਜ਼ਰ ਆਵੇ, ਲਫ਼ਾਫ਼ੇ ਆਦਿ ਡਿੱਗੇ ਹੋਣ ਤਾਂ ਉਹਨਾਂ ਨੂੰ ਚੁੱਕੇ ਡਸਟਬਿਨ ਵਿੱਚ ਪਾ ਦਿਆ ਕਰਨ ।

ਫਿਰ ਸੁਰੱਖਿਆ ਦ੍ਰਿਸ਼ਟੀ ਦੇ ਪੱਖੋਂ ਆਪਣੇ ਵਾਤਾਵਰਣ 'ਤੇ ਨਜ਼ਰ ਰਖੱਣ ਜਲਸੇ ਦੇ ਪੰਡਾਲ ਦੇ ਅੰਦਰ ਵੀ ਅਤੇ ਬਾਹਰ ਵੀ ਕੋਈ ਸ਼ਰਾਰਤੀ ਅੰਸਰ (ਸੰਦੇਹੀ) ਕੋਈ ਵੀ ਸ਼ਰਾਰਤ ਕਰ ਸਕਦਾ ਹੈ, ਇਸ ਗੱਲ'ਤੇ ਨਜ਼ਰ ਰਖੱਣੀ ਚਾਹੀਦੀ ਹੈ । ਕੋਈ ਵੀ ਮਸ਼ਕੂਕ (ਸੰਦੇਹ ਭਰੀ) ਚੀਜ਼ ਦੇਖਣ ਜਾਂ ਕਿਸੇ ਦੀਆਂ ਸੰਦੇਹ ਭਰੀਆਂ ਹਰਕਤਾਂ ਦੇਖਣ ਤਾਂ ਝੱਟ ਪ੍ਰਬੰਧਕਾਂ ਨੂੰ ਨੇੜੇ ਖੜੇ ਡਿਊਟੀ ਵਾਲਿਆਂ ਨੂੰ ਸੂਚਨਾ ਦੇਣ । ਇਸਤਰੀਆਂ ਨੂੰ ਖ਼ਮੋਸ਼ੀ ਨਾਲ ਜਲਸੇ ਦੇ ਪ੍ਰਗਰਾਮਾਂ ਨੂੰ ਸੁਣਨਾ ਚਾਹੀਦਾ ਹੈ ਅਤੇ ਤਡਊਟੀ ਵਾਲੀਆਂ ਲੜਕੀਆਂ ਨਾਲ ਸਹਿਯੋਗ ਕਰਨਾ ਚਾਹੀਦਾ ਹੈ ।

ਅਲੱਾਹ ਤਆਲਾ ਸਾਰਿਆਂ ਨੂੰ ਜਲਸੇ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੰਜੋਗ ਪ੍ਰਦਾਨ ਕਰੇ । ਅਲੱਾਹ ਤਆਲਾ ਕੇਵਲ ਤੇ ਕੇਵਲ ਆਪਣੀ ਮਿਹਰ ਨਾਲ ਇਸ ਜਲਸੇ ਨੂੰ ਹਰ ਪੱਖੋਂ ਬਰਕਤਾਂ ਭਰਪੂਰ ਬਣਾਏ ਅਤੇ ਹਰ ਵਿਘਨ ਤੋਂ ਸੁਰੱਖਿਅਤ ਰੱਖੇ ਅਤੇ ਅਸੀਂ ਸਾਰੇ ਹੀ ਉਹ ਫ਼ੈਜ਼ (ਲਾਭ) ਪਾਉਣ ਵਾਲੇ ਹੋਈਏ ਜਿਸ ਲਈ ਅਸੀਂ ਇੱਥੇ ਇਕਤੱਰ ਹੋਏ ਹਨ ।

**Khulasa Khutba Jumma 03.08.2018**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131